# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

**ਮੈਡੀਕਲ ਸਿੱਖਿਆ ਭਵਨ, ਸੈਕਟਰ-69,**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160069**

ਸੇਵਾ ਵਿਖੇ

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰ: 3ਐਮ.ਈ.1-ਪੰ:-2024/ 14274
ਮਿਤੀ: 12/11/24

ਵਿਸ਼ਾ:- ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਭਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਭਰਨ ਲਈ ਪੱਤਰ ਨੰ: 3ਐਮ.ਈ.1-ਪੰ:-2024/13504 ਮਿਤੀ 22.10.2024 (ਕਾਪੀ ਨੱਥੀ ਹੈ) ਰਾਹੀਂ ਯੋਗ ਉਮੀਦਵਾਰਾਂ ਤੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ। ਇਸ ਪੱਤਰ ਵਿੱਚ ਹੇਠ ਲਿਖੇ ਅਨੁਸਾਰ ਖਾਲੀ ਅਸਾਮੀਆਂ ਸ਼ਾਮਿਲ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਵਿਭਾਗ ਦਾ ਨਾਮ | ਖਾਲੀ ਅਸਾਮੀਆਂ ਦਾ ਵੇਰਵਾ |
|---|---|---|
| 1. | Nuclear Medicine | 2-G, 1-SC |
| 2. | Neonatalogy | 2-G, 1-SC |
| 3. | Cardiology | 2-G, 1-SC |
| 4. | Endocrinology | 2-G, 1-SC |
| 5. | Medical Gastroenterology | 2-G, 1-SC |
| 6. | Medical Oncology | 2-G, 1-SC |
| 7. | Nephrology | 2-G, 1-SC |
| 8. | Neurology | 2-G, 1-SC |
| 9. | Cardio Vascular & Thoracic Surgery | 2-G, 1-SC |
| 10. | Urology | 2-G, 1-SC |
| 11. | Neuro-Surgery | 1-G |
| 12. | Paediatric Surgery | 2-G, 1-SC |
| 13. | Plastic & Reconstructive surgery | 2-G, 1-SC |
| 14. | Surgical Oncology | 1-G |
| | Total | 35 |

2. ਦਿਵਿਆਂਗ ਕੈਟਾਗਰੀ ਲਈ ਰਾਖਵਾਂਕਰਨ ਨਿਯਮਾਂ ਅਨੁਸਾਰ ਲਾਗੂ ਹੋਵੇਗਾ।

Scanned with CamScanner

3. ਇਨ੍ਹਾਂ ਅਸਾਮੀਆਂ ਨੂੰ ਭਰਨ ਸਮੇਂ ਇਨ੍ਹਾਂ ਅਸਾਮੀਆਂ ਦੀ ਗਿਣਤੀ ਘਟ ਜਾਂ ਵਧ ਸਕਦੀ ਹੈ ਜਾਂ ਕਿਸੇ ਅਸਾਮੀ ਨੂੰ ਨਾ ਭਰਨ ਦਾ ਹੱਕ ਵਿਭਾਗ /ਸਰਕਾਰ ਦਾ ਹੋਵੇਗਾ। ਰਾਖਵਾਂਕਰਨ ਅਸਾਮੀਆਂ ਭਰਨ ਸਮੇਂ ਭਲਾਈ ਵਿਭਾਗ ਦੀ ਤਸਦੀਕ ਅਤੇ ਡੀ.ਪੀ.ਸੀ. ਦੇ ਫੈਸਲੇ ਅਨੁਸਾਰ ਹੋਵੇਗਾ। ਜਿਹੜੀਆਂ ਅਸਾਮੀਆਂ ਇਹ ਸਰਕੂਲਰ ਜਾਰੀ ਹੋਣ ਤੋਂ ਬਾਅਦ ਖਾਲੀ ਹੋਣਗੀਆਂ, ਉਨ੍ਹਾਂ ਅਸਾਮੀਆਂ ਨੂੰ ਵੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਭਰਨ ਲਈ ਵਿਚਾਰਿਆ ਜਾਵੇਗਾ।

4. ਪੱਤਰ ਨੰ: 3ਐਮ.ਈ.1-ਪੰ:-2024/13504 ਮਿਤੀ 22.10.2024 ਵਿੱਚ ਦਰਜ ਸਾਰੀਆਂ ਸ਼ਰਤਾਂ ਇਨ੍ਹਾਂ ਅਸਾਮੀਆਂ ਉੱਤੇ ਲਾਗੂ ਹੋਣਗੀਆਂ। ਇਨ੍ਹਾਂ ਉਪਰੋਕਤ ਅਸਾਮੀਆਂ ਲਈ ਯੋਗ ਬਿਨੈਕਾਰ ਮਿਤੀ ...04/12/2024 ਬਾਅਦ ਦੁਪਹਿਰ 4:00 ਵਜੇ ਤੱਕ ਆਨ-ਲਾਈਨ ਅਪਲਾਈ ਕਰਕੇ ਦਸਤਾਵੇਜ਼ਾਂ ਸਮੇਤ ਮੁਕੰਮਲ ਫਾਰਮ ਤਿੰਨ ਪੜਤਾਂ ਵਿੱਚ ਮਿਤੀ ..04/12/2024 ਤੱਕ ਆਪਣੇ ਤੈਨਾਤੀ ਸਥਾਨ ਉੱਤੇ ਸਬਮਿਟ ਕਰਨਗੇ, ਜੋ ਕਿ ਜਰੂਰੀ ਹੈ। ਜਿਹੜੇ ਬਿਨੈਕਾਰ ਕੇਵਲ ਆਨ-ਲਾਈਨ ਅਪਲਾਈ ਕਰਨਗੇ ਅਤੇ ਆਪਣਾ ਮੁਕੰਮਲ ਫਾਰਮ ਆਪਣੇ ਤੈਨਾਤੀ ਸਥਾਨ ਉੱਤੇ ਸਬਮਿਟ ਨਹੀਂ ਕਰਨਗੇ, ਅਜਿਹੇ ਕੇਵਲ ਆਨ-ਲਾਈਨ ਭਰੇ ਫਾਰਮਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

5. ਕਿਰਪਾ ਕਰਕੇ ਇਹ ਪੱਤਰ ਆਪਣੇ ਅਧੀਨ ਸਾਰੇ ਅਦਾਰਿਆਂ ਵਿੱਚ ਸਰਕੂਲੇਟ ਕਰ ਦਿੱਤਾ ਜਾਵੇ ਅਤੇ ਸਬੰਧਤ ਅਦਾਰਿਆਂ ਦੀਆਂ ਵੈਬ-ਸਾਈਟਾਂ ਉੱਤੇ ਵੀ ਉਪਲਬਧ ਕਰਵਾ ਦਿੱਤਾ ਜਾਵੇ। ਇਸ ਵਿਗਿਆਪਨ ਦੇ ਸਨਮੁੱਖ ਜਿਹੜੀਆਂ ਅਰਜੀਆਂ ਆਪ ਜੀ ਨੂੰ ਯੋਗ ਪ੍ਰਣਾਲੀ ਰਾਹੀਂ ਪ੍ਰਾਪਤ ਹੋਣ, ਉਹ ਅਰਜੀਆਂ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਇਸ ਦਫਤਰ ਨੂੰ ਸਿਹਤ ਵਿਭਾਗ ਵਲੋਂ ਜਾਰੀ ਐਨ.ਓ.ਸੀ. ਸਮੇਤ ਭੇਜਣਾ ਯਕੀਨੀ ਬਣਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 3ਐਮ.ਈ.1-ਪੰ:-2024/ 14275 ਮਿਤੀ : 12/11/24

ਉਤਾਰਾ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ (ਐਮ.ਈ.ਆਰ.-1 ਸ਼ਾਖਾ) ਨੂੰ ਈ-ਆਫਿਸ ਫਾਈਲ (**Comp. No.: 566020**) ਰਾਹੀਂ ਜਾਰੀ ਪ੍ਰਵਾਨਗੀ ਦੇ ਸਨਮੁੱਖ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 3ਐਮ.ਈ.1-ਪੰ:-2024/ 14276 ਮਿਤੀ: 12/11/24

ਉਤਾਰਾ ਸਹਾਇਕ ਸਿਸਟਮ ਮੈਨੇਜਰ, ਦਫਤਰ ਡੀ.ਆਰ.ਐਮ.ਈ., ਪੰਜਾਬ ਨੂੰ ਵਿਭਾਗ ਦੀ ਵੈਬਸਾਈਟ ਉੱਤੇ ਉਪਲਬਧ ਕਰਵਾਉਣ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

Scanned with CamScanner

**ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ**

**ਮੈਡੀਕਲ ਸਿੱਖਿਆ ਭਵਨ, ਸੈਕਟਰ-69,**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160069**

ਸੇਵਾ ਵਿਖੇ

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰ: 3ਐਮ.ਈ.1-ਪੰ:-2024/13504
ਮਿਤੀ: 22-10-24

ਵਿਸ਼ਾ:- ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਭਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੇ ਲੈਵਲ 27 ਵਿੱਚ ਤਨਖਾਹ ਸਕੇਲ 122800 ਵਿੱਚ ਮਨਜ਼ੂਰਸ਼ੁਦਾ ਸਹਾਇਕ ਪ੍ਰੋਫੈਸਰਾਂ ਦੀਆਂ ਤਰੱਕੀ ਕੋਟੇ ਦੀਆਂ ਅਸਾਮੀਆਂ ਵਿਚੋਂ ਅਨੁਲੱਗ 'ੳ' ਅਨੁਸਾਰ ਖਾਲੀ ਅਸਾਮੀਆਂ ਭਰਨ ਲਈ, ਸਮੇਂ-ਸਮੇਂ ਸਿਰ ਸੋਧੇ ਗਏ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ ਏ) ਸਰਵਿਸ ਰੂਲ 2016 ਵਿੱਚ ਕੀਤੇ ਉਪਬੰਧਾਂ ਅਨੁਸਾਰ ਯੋਗ ਉਮੀਦਵਾਰਾਂ ਤੋਂ ਯੋਗ ਪ੍ਰਣਾਲੀ ਰਾਹੀਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਯੋਗ ਬਿਨੈਕਾਰ ਅਪਲਾਈ ਕਰਨ ਲਈ ਵਿਭਾਗ ਦੀ ਵੈਬਸਾਈਟ **www.punjabmedicaleducation.org** ਉੱਤੇ ਆਨ-ਲਾਈਨ ਅਪਲਾਈ ਕਰਨਗੇ, ਆਨ-ਲਾਈਨ ਭਰਿਆ ਫਾਰਮ ਉਮੀਦਵਾਰਾਂ ਵਲੋਂ ਅਪਲਾਈ ਕਰਨ ਸਮੇਂ ਦਿੱਤੀ ਗਈ ਈ-ਮੇਲ ਉੱਤੇ ਪੀ.ਡੀ.ਐਫ. ਫਾਈਲ ਦੇ ਰੂਪ ਵਿੱਚ ਪ੍ਰਾਪਤ ਹੋਵੇਗਾ, ਬਿਨੈਕਾਰ ਇਸ ਦਾ ਪ੍ਰਿੰਟ ਲੈ ਕੇ ਲੋੜੀਂਦੇ ਦਸਤਾਵੇਜ ਲਗਾ ਤਿੰਨ ਮੁਕੰਮਲ ਪੜਤਾਂ ਵਿੱਚ ਆਪਣੇ ਪੋਸਟਿੰਗ ਸਥਾਨ ਉੱਤੇ ਆਪਣੇ ਅਧਿਕਾਰੀ ਨੂੰ ਸਬਮਿਟ ਕਰੇਗਾ। ਬਿਨੈਕਾਰ ਦੀ ਤੈਨਾਤੀ ਵਾਲੇ ਦਫਤਰ ਵਲੋਂ ਇਹ ਫਾਰਮ ਤਸਦੀਕ ਕਰਕੇ ਯੋਗ ਪ੍ਰਣਾਲੀ ਰਾਹੀਂ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਭੇਜੇ ਜਾਣਗੇ ਅਤੇ ਇੱਕ ਮੁਕੰਮਲ ਅਤੇ ਤਸਦੀਕਸ਼ੁਦਾ ਕਾਪੀ ਸਿੱਧੇ ਤੌਰ ਉੱਤੇ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਮੈਡੀਕਲ ਸਿੱਖਿਆ ਭਵਨ, ਸੈਕਟਰ-69, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਭੇਜੀ ਜਾਵੇਗੀ।

3. ਯੋਗ ਬਿਨੈਕਾਰ ਮਿਤੀ 11.11.2024 ਬਾਅਦ ਦੁਪਹਿਰ 4:00 ਵਜੇ ਤੱਕ ਆਨ-ਲਾਈਨ ਅਪਲਾਈ ਕਰਕੇ ਦਸਤਾਵੇਜਾਂ ਸਮੇਤ ਮੁਕੰਮਲ ਫਾਰਮ ਤਿੰਨ ਪੜਤਾਂ ਵਿੱਚ ਮਿਤੀ 11.11.2024 ਤੱਕ ਆਪਣੇ ਤੈਨਾਤੀ ਸਥਾਨ ਉੱਤੇ ਸਬਮਿਟ ਕਰਨਗੇ, ਜੋ ਕਿ ਜਰੂਰੀ ਹੈ। ਜਿਹੜੇ ਬਿਨੈਕਾਰ ਕੇਵਲ ਆਨ-ਲਾਈਨ ਅਪਲਾਈ ਕਰਨਗੇ ਅਤੇ ਆਪਣਾ ਮੁਕੰਮਲ ਫਾਰਮ ਆਪਣੇ ਤੈਨਾਤੀ ਸਥਾਨ ਉੱਤੇ ਸਬਮਿਟ ਨਹੀਂ ਕਰਨਗੇ, ਅਜਿਹੇ ਕੇਵਲ ਆਨ-ਲਾਈਨ ਭਰੇ ਫਾਰਮਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

4. ਇਨ੍ਹਾਂ ਤਰੱਕੀਆਂ ਦੇ ਸਬੰਧ ਵਿੱਚ ਜੇਕਰ ਬਿਨੈਕਾਰਾਂ ਨੂੰ ਕੋਈ ਸੂਚਨਾ ਦੇਣ ਦੀ ਜਰੂਰਤ ਹੋਵੇ, ਤਾਂ ਉਹ ਕੇਵਲ ਵਿਭਾਗ ਦੀ ਵੈਬਸਾਈਟ (www.punjabmedicaleducation.org) ਰਾਹੀਂ ਦਿੱਤੀ ਜਾਵੇਗੀ।

5. ਭਰੀਆਂ ਜਾਣ ਵਾਲੀਆਂ ਖਾਲੀ ਅਸਾਮੀਆਂ ਅਤੇ ਰਾਖਵਾਂ ਕਰਨ ਦਾ ਟੈਂਟਾਟਿਵ ਵੇਰਵਾ ਅਨੁਲੱਗ 'ੳ' ਨਾਲ ਨੱਥੀ ਹੈ। ਖਾਲੀ ਅਸਾਮੀਆਂ ਦੀ ਗਿਣਤੀ ਅਤੇ ਰਾਖਵਾਂਕਰਨ ਦੀ ਗਿਣਤੀ ਘਟ ਜਾਂ ਵਧ ਸਕਦੀ ਹੈ।

ਰਾਖਵਾਂਕਰਨ ਭਲਾਈ ਵਿਭਾਗ ਦੀ ਰੋਸਟਰ ਰਜਿਸਟਰ ਚੈਕਿੰਗ ਟੀਮ ਦੀ ਤਸਦੀਕ/ਵਿਭਾਗੀ ਤਰੱਕੀ ਕਮੇਟੀ ਦੇ ਫੈਸਲੇ ਅਨੁਸਾਰ ਹੋਵੇਗਾ। ਕਿਸੇ ਵੀ ਵਿਭਾਗ ਵਿੱਚ ਕਿਸੇ ਵੀ ਅਸਾਮੀ ਨੂੰ ਭਰਨ ਜਾਂ ਨਾ ਭਰਨ ਜਾਂ ਵਾਪਸ ਲੈਣ ਦਾ ਅਧਿਕਾਰ ਵਿਭਾਗ/ਸਰਕਾਰ ਕੋਲ ਹੋਵੇਗਾ। ਜੇਕਰ ਕਿਸੇ ਕਾਰਨ ਇਹ ਵਿਗਿਆਪਨ ਜਾਂ ਕੋਈ ਅਸਾਮੀ ਵਾਪਸ ਲਈ ਜਾਂਦੀ ਹੈ ਤਾਂ ਵਾਪਸ ਲਈਆਂ ਅਸਾਮੀਆਂ ਉੱਤੇ ਕਿਸੇ ਬਿਨੈਕਾਰ ਨੂੰ ਇਤਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

6. ਇਨ੍ਹਾਂ ਅਸਾਮੀਆਂ ਨੂੰ ਸਮੇਂ-ਸਮੇਂ ਸਿਰ ਸੋਧੇ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ ਏ) ਸਰਵਿਸ ਰੂਲ, 2016 (ਇਹ ਰੂਲ ਵਿਭਾਗ ਦੀ ਵੈਬਸਾਈਟ ਉੱਤੇ ਉਪਲਬਧ ਹਨ) ਵਿੱਚ ਦਰਜ ਉਪਬੰਧਾਂ ਅਨੁਸਾਰ ਭਰਿਆ ਜਾਵੇਗਾ ਅਤੇ ਇਨ੍ਹਾ ਰੂਲਾਂ ਦੇ ਪੈਰਾ 8(3) ਅਨੁਸਾਰ ਮਿਤੀ 01.01.2024 ਤੱਕ 50 ਸਾਲ ਤੱਕ ਦੀ ਉਮਰ ਵਾਲੇ ਉਮੀਦਵਾਰ ਹੀ ਯੋਗ ਹੋਣਗੇ ਅਤੇ ਇਸ ਤੋਂ ਵੱਧ ਉਮਰ ਵਾਲੇ ਬਿਨੈਕਾਰ ਯੋਗ ਨਹੀਂ ਹੋਣਗੇ।

7. ਬਿਨੈਕਾਰ ਡਾਕਟਰਾਂ ਦੀ ਪੜ੍ਹਾਈ ਦਾ ਤਜਰਬਾ, ਰੂਰਲ ਸੇਵਾ ਦਾ ਤਜਰਬਾ ਆਦਿ ਯੋਗਤਾ, ਅਪਲਾਈ ਕਰਨ ਦੀ ਅੰਤਿਮ ਮਿਤੀ ਤੱਕ ਗਿਣਿਆਂ ਜਾਵੇਗਾ। ਗਲਤ ਭਰੀਆਂ ਅਰਜੀਆਂ, ਅਧੂਰੀਆਂ ਅਰਜੀਆਂ, ਜਿਨ੍ਹਾਂ ਅਰਜੀਆਂ ਨਾਲ ਵਿੱਦਿਅਕ ਯੋਗਤਾ, ਤਜਰਬਾ ਅਤੇ ਪੜ੍ਹਾਈ ਆਦਿ ਦੇ ਸਰਟੀਫਿਕੇਟਾਂ ਦੀਆਂ ਪੜ੍ਹਨਯੋਗ ਸਵੈ-ਤਸਦੀਕਸ਼ੁਦਾ ਕਾਪੀਆਂ ਨੱਥੀ ਨਹੀਂ ਹੋਣਗੀਆਂ ਜਾਂ ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਣਗੀਆਂ, ਉਨ੍ਹਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ, ਜਿਸ ਸਬੰਧੀ ਬਿਨੈਕਾਰ ਨੂੰ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਕਿਸੇ ਵੀ ਬਿਨੈਕਾਰ ਨੂੰ ਆਪਣਾ ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ, ਫਾਰਮ ਨਾਲ ਕੋਈ ਦਸਤਾਵੇਜ ਲਗਾਉਣ ਦੀ ਆਗਿਆ ਨਹੀਂ ਹੋਵੇਗੀ ਅਤੇ ਦੇਰੀ ਨਾਲ ਪੇਸ਼ ਕੀਤੇ ਦਸਤਾਵੇਜ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਲਈ ਬਿਨੈਕਾਰ ਆਪਣਾ ਫਾਰਮ ਹਰ ਪੱਖ ਤੋਂ ਮੁਕੰਮਲ ਕਰਕੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ। ਅਰਜੀ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਜਰੂਰੀ ਦਸਤਾਵੇਜਾਂ ਦਾ ਵੇਰਵਾ ਅਨੁਲੱਗ 'ਅ' ਉੱਤੇ ਦਰਸਾਇਆ ਗਿਆ ਹੈ।

8. ਬਿਨੈਕਾਰਾਂ ਦੀ ਸੀਨੀਅਰਤਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵਲੋਂ ਤਸਦੀਕ ਅਨੁਸਾਰ ਹੋਵੇਗੀ ਅਤੇ ਸੀਨੀਅਰਤਾ ਸਬੰਧੀ ਕਿਸੇ ਵੀ ਮਾਮਲੇ ਦਾ ਨਿਪਟਾਰਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਕੀਤਾ ਜਾਵੇਗਾ।

9. ਜਿਹੜੇ ਬਿਨੈਕਾਰਾਂ ਨੂੰ ਸਿਹਤ ਵਿਭਾਗ, ਪੰਜਾਬ ਵਲੋਂ ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਲਈ ਐਨ.ਓ.ਸੀ. ਜਾਰੀ ਕੀਤਾ ਜਾਵੇਗਾ, ਕੇਵਲ ਉਨ੍ਹਾਂ ਨੂੰ ਹੀ ਤਰੱਕੀ ਲਈ ਵਿਚਾਰਿਆ ਜਾਵੇਗਾ।

10. ਜਿਹੜੇ ਬਿਨੈਕਾਰਾਂ ਨੇ ਪਹਿਲਾਂ ਕਿਸੇ ਵਿਗਿਆਪਨ ਦੇ ਹਵਾਲੇ ਵਿੱਚ ਅਪਲਾਈ ਕੀਤਾ ਸੀ, ਉਨ੍ਹਾਂ ਅਰਜੀਆਂ ਦਾ ਇਸ ਵਿਗਿਆਪਨ ਦੇ ਸਬੰਧ ਵਿੱਚ ਕੋਈ ਵਿਚਾਰ ਨਹੀਂ ਹੋਵੇਗਾ। ਮੌਜੂਦਾ ਵਿਗਿਆਪਨ ਦੇ ਸਨਮੁੱਖ ਅਪਲਾਈ ਕਰਨ ਜਰੂਰੀ ਹੈ।

11. ਕਿਰਪਾ ਕਰਕੇ ਇਹ ਪੱਤਰ ਆਪਣੇ ਅਧੀਨ ਸਾਰੇ ਅਦਾਰਿਆਂ ਵਿੱਚ ਸਰਕੂਲੇਟ ਕਰ ਦਿੱਤਾ ਜਾਵੇ ਅਤੇ ਸਬੰਧਤ ਅਦਾਰਿਆਂ ਦੀਆਂ ਵੈਬ-ਸਾਈਟਾਂ ਉੱਤੇ ਵੀ ਉਪਲਬਧ ਕਰਵਾ ਦਿੱਤਾ ਜਾਵੇ। ਇਸ ਵਿਗਿਆਪਨ ਦੇ ਸਨਮੁੱਖ ਜਿਹੜੀਆਂ ਅਰਜੀਆਂ ਆਪ ਜੀ ਨੂੰ ਯੋਗ ਪ੍ਰਣਾਲੀ ਰਾਹੀਂ ਪ੍ਰਾਪਤ ਹੋਣ, ਉਹ ਅਰਜੀਆਂ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਇਸ ਦਫਤਰ ਨੂੰ ਸਿਹਤ ਵਿਭਾਗ ਵਲੋਂ ਜਾਰੀ ਐਨ.ਓ.ਸੀ. ਸਮੇਤ ਭੇਜਣਾ ਯਕੀਨੀ ਬਣਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 3ਐਮ.ਈ.1-ਪੰ:-2024/ 13505 ਮਿਤੀ : 22/10/24

ਉਤਾਰਾ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ (ਐਮ.ਈ.ਆਰ.-1 ਸ਼ਾਖਾ) ਨੂੰ ਈ-ਆਫਿਸ ਫਾਈਲ (**Comp. No.: 713387**) ਰਾਹੀਂ ਜਾਰੀ ਪ੍ਰਵਾਨਗੀ ਦੇ ਸਨਮੁੱਖ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 3ਐਮ.ਈ.1-ਪੰ:-2024/ 13506 ਮਿਤੀ: 22/10/2024

ਉਤਾਰਾ ਸਹਾਇਕ ਸਿਸਟਮ ਮੈਨੇਜਰ, ਦਫਤਰ ਡੀ.ਆਰ.ਐਮ.ਈ., ਪੰਜਾਬ ਨੂੰ ਵਿਭਾਗ ਦੀ ਵੈਬਸਾਈਟ ਉੱਤੇ ਉਪਲਬਧ ਕਰਵਾਉਣ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

(ਅਨੁਲੱਗ ਅ)

## ਅਰਜੀ ਨਾਲ ਨੱਥੀ ਕੀਤੇ ਜਾਣ ਵਾਲੇ ਜਰੂਰੀ ਦਸਤਾਵੇਜਾਂ ਦਾ ਵੇਰਵਾ

a. ਦਸਵੀ ਪੱਧਰ ਤੱਕ ਪੰਜਾਬੀ ਪਾਸ ਦਾ ਸਬੂਤ।

b. ਜਨਮ ਮਿਤੀ ਦਾ ਸਬੂਤ

c. ਕੈਟਾਗਿਰੀ ਸਰਟੀਫਿਕੇਟ (ਜੇਕਰ ਕੋਈ ਹੋਵੇ)

d. ਰੂਰਲ ਸੇਵਾ ਸਰਟੀਫਿਕੇਟ

e. ਸੀਨੀਅਰ ਰੈਜੀਡੈਂਟ ਦਾ ਤਜਰਬਾ ਸਰਟੀਫਿਕੇਟ

f. ਪਰਖ ਕਾਲ ਸਮਾਂ ਪਾਰ ਹੋਣ ਦੇ ਹੁਕਮਾਂ ਦੀ ਕਾਪੀ

g. ਬਿਨੈਕਾਰ ਦੇ iHRMS ਉੱਤੇ ਬਿਨੈਕਾਰ ਦੇ APARs ਦੇ ਰਿਕਾਰਡ ਦੀ ਕਾਪੀ

h. MBBS ਦੇ ਸਾਰੇ ਸਰਟੀਫਿਕੇਟਾਂ ਦੀ ਕਾਪੀ

i. ਪੋਸਟ ਗ੍ਰੈਜੂਏਟ ਕੋਰਸ ਦੇ ਸਰਟੀਫਿਕੇਟਾਂ ਦੀ ਕਾਪੀ

j. PMC ਰਜਿਸਟਰ੍ਰੇਸ਼ਨ ਸਰਟੀਫਿਕੇਟ ਦੀ ਕਾਪੀ

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।